**Ministry of Education**

Minister

315 Front Street West
Toronto ON  M7A 0B8

**Ministère de l'Éducation**

Ministre

315, rue Front Ouest Toronto ON
M7A 0B8

Ontario

ਓਂਟੈਰੀਓ ਦੇ ਪਿਆਰੇ ਮਾਪਿਓ,

ਮੈਂ ਅਪੂਰਵ ਸਮੇਂ ਵਿੱਚ ਤੁਹਾਨੂੰ ਲਿਖ ਰਿਹਾ ਹਾਂ।

**ਸਾਡੀ ਸਰਕਾਰ ਦੀ ਸਭ ਤੋਂ ਜ਼ਰੂਰੀ ਪ੍ਰਾਥਮਿਕਤਾ , ਸਾਡੇ ਵਿਦਿਆਰਥੀਆਂ ਅਤੇ ਸਿੱਖਿਅਕਾਂ ਸਮੇਤ, ਸਾਰੇ ਓਂਟੈਰੀਓ ਵਾਸੀਆਂ ਨੂੰ ਸੁਰੱਖਿਅਤ ਰੱਖਣਾ ਹੈ।** ਸਾਡੇ ਪਾਰਟਨਰਾਂ ਅਤੇ ਸਰਕਾਰ ਦੇ ਸਾਰੇ ਪੱਧਰਾਂ ਨਾਲ ਮਿਲ ਕੇ ਕੰਮ ਕਰਕੇ, ਅਸੀਂ ਇਸ ਜ਼ਰੂਰਤ ਨੂੰ ਪੂਰਾ ਕਰਨ ਲਈ ਸਭ ਕੁਝ ਕਰਾਂਗੇ।

ਜਦ ਤੋਂ ਸਾਨੂੰ COVID-19 ਬਾਰੇ ਪਤਾ ਲਗਿਆ ਹੈ,  ਓਂਟਾਟੈਓ ਸਾਰੇ ਓਂਟੈਰੀਓ ਵਾਸੀਆਂ ਦੀ ਸਿਹਤ ਅਤੇ ਖ਼ੈਰੀਅਤ ਦੀ ਸੁਰੱਖਿਆ ਲਈ ਅਣਥੱਕ ਢੰਗ ਨਾਲ ਬਦਲਦੇ ਹੋਏ ਹਾਲਾਤਾਂ ਦੀ ਨਿਗਰਾਨੀ ਕਰਦਾ ਆ ਰਿਹਾ ਹੈ। ਅਸੀਂ ਇਹ ਵੀ ਸੁਨਿਸਚਿਤ ਕਰਨ ਲਈ ਨਿਰਣਾਇਕ ਕਦਮ ਚੁੱਕੇ ਹਨ ਕਿ ਸੂਬਾ ਕਿਸੇ ਵੀ ਸਥਿਤੀ ਦਾ ਮੁਕਾਬਲਾ ਕਰਨ ਲਈ ਤਿਆਰ ਰਹੇ।

ਇਸ ਕਰਕੇ  12 ਮਾਰਚ 2020 ਨੂੰ, ਓਂਟੈਰੀਓ ਦੇ ਸਿਹਤ ਲਈ ਚੀਫ ਮੈਡੀਕਲ ਅਫਸਰ, ਡਾ. ਡੇਵਿਡ ਵਿਲਿਅਮਸ ਦੀ ਸਲਾਹ ਦੇ ਅਧਾਰ ਤੇ ਮੈਂ ਸੂਬੇ ਵਿੱਚ ਪਬਲਿਕ ਫੰਡਿੰਗ ਵਾਲੇ ਸਾਰੇ ਸਕੂਲਾਂ ਨੂੰ 6 ਅਪ੍ਰੈਲ 2020 ਤਕ ਬੰਦ ਕਰਨ ਦਾ ਮੰਤਰੀ ਦਾ ਹੁਕਮ ਜਾਰੀ ਕੀਤਾ।    ਸਾਡੀ ਸਰਕਾਰ  ਨੇ COVID-19 ਦੇ ਫਲਾਅ ਨੂੰ ਰੋਕਣ ਦੇ ਟੀਚੇ ਨਾਲ - ਨਿਰਣਾਇਕ ਕਾਰਵਾਈ ਕੀਤੀ  –  ਉਦਯੋਗਿਕ ਸੰਸਾਰ ਵਿੱਚ ਸਕੂਲ ਬੰਦ ਕਰਨ ਵਾਲੇ  ਪਹਿਲੇ ਅਧਿਕਾਰ ਵਿੱਚੋਂ ਇੱਕ।

ਅਸੀਂ ਕੈਨੇਡਾ ਵਿੱਚ ਆਪਾਤ ਸਥਿਤੀ ਦੀ ਘੋਸ਼ਣਾ ਕਰਨ ਵਾਲਾ ਪਹਿਲਾ ਸੂਬਾ ਵੀ ਹਾਂ।  ਕੀਤੀ ਹੈ। ਓਂਟੈਰੀਓ ਦੇ ***ਆਪਾਤ ਪ੍ਰਬੰਧਨ ਅਤੇ ਨਾਗਰਿਕ ਸੁਰੱਖਿਆ ਕਾਨੂੰਨ*** ਦੇ ਅੰਤਰਗਤ ਕੀਤੀ ਗਈ ਇਹ ਘੋਸ਼ਣਾ ਇਸ ਚੁਣੌਤੀ ਦਾ ਪੁਰਜ਼ੋਰ ਮੁਕਾਬਲਾ ਕਰ ਰਹੇ ਸਾਡੇ ਬਹਾਦਰ  ਫਰੰਟਲਾਈਨ ਵਰਕਰਾਂ ਦੀ ਸਹਾਇਤਾ ਕਰਨ ਦੀ ਸਾਡੀ ਸੂਬੇ ਦੀ ਯੋਗਤਾ ਨੂੰ ਵਧਾਉਂਦੀ ਹੈ।

ਹਾਲਾਂਕਿ ਇਸ ਅਰਸੇ ਦੀ ਖ਼ਾਸੀਅਤ ਬਹੁਤ ਵੱਡੀ ਅਨਿਸ਼ਚਿਤਤਾ ਹੈ, ਮੈਨੂੰ ਆਸ ਹੈ ਕਿ ਇਹ ਚਿੱਠੀ ਉਹਨਾਂ ਸਵਾਲਾਂ ਵਿੱਚ ਕੁਝ ਦੇ ਜਵਾਬ ਦੇਵੇਗੀ ਜੋ, ਮੈਨੂੰ ਪਤਾ ਹੈ, ਕਈ ਮਾਪਿਆਂ ਕੋਲ  ਹਨ।

ਹਾਲਾਂਕਿ ਇਸ ਵਾਇਰਸ ਦੀਆਂ ਵਿਸ਼ੇਸ਼ਤਾਵਾਂ ਦਾ ਵਰਣਨ ਅਤੇ ਇਸ ਬਾਰੇ ਗੱਲ ਜ਼ਿਆਦਾਤਰ ਇਸਦੇ ਸਰੀਰਕ ਪ੍ਰਭਾਵਾਂ ਦੇ ਸਿਲਸਿਲੇ ਵਿੱਚ ਕੀਤੀ ਗਈ ਹੈ, ਮੇਰਾ ਵਿਸ਼ਵਾਸ ਹੈ ਕਿ ਸਾਨੂੰ ਉਸ ਡਰ ਅਤੇ ਚਿੰਤਾ ਦੀ ਭਾਵਨਾ ਨੂੰ ਕਬੂਲਣ  ਅਤੇ ਉਸ ਬਾਰੇ ਕਾਰਵਾਈ ਕਰਨ ਦੀ ਲੋੜ ਹੈ ਜੋ ਤੁਹਾਡੇ ਬੱਚੇ ਮਹਿਸੂਸ ਕਰ ਰਹੇ ਹੋ ਸਕਦੇ ਹਨ, ਖ਼ਾਸਕਰ ਸਾਡੇ ਛੋਟੇ ਸਿਖਿਆਰਥੀਆਂ ਲਈ। ਅਸੀਂ ਉਹਨਾਂ ਵਿਚੋਂ ਕਈਆਂ ਅਤੇ ਉਹਨਾਂ ਦੇ ਮਾਪਿਆਂ ਕੋਲੋਂ, ਸਿੱਧਾ ਸੁਣਿਆ ਹੈ ਕਿ ਇਹ ਪ੍ਰਤਿਕਿਰਿਆਵਾਂ  ਅਨਿਸ਼ਚਿਤਤਾ ਦੀ ਸਥਿਤੀ ਅਤੇ ਮੀਡਿਆ ਨਾਲ ਵਾਧੂ ਸੰਪਰਕ ਤੋਂ ਆਉਂਦੀਆਂ ਹਨ  ਜਿਸਦਾ  ਨਤੀਜਾ ਜਵਾਬਾਂ ਨਾਲੋਂ ਵੱਧ ਸਵਾਲ ਹਨ।

ਇਸ ਸਮੇਂ ਦੌਰਾਨ,  ਮੈਂ ਤੁਹਾਨੂੰ ਉਤਸ਼ਾਹਤ ਕਰਾਂਗਾ ਕਿ ਤੁਸੀਂ COVID-19 ਦੇ ਬਾਰੇ ਆਪਣੇ ਬੱਚਿਆਂ ਨਾਲ ਖੁੱਲ ਕੇ ਗੱਲਬਾਤ ਕਰਨਾ ਜਾਰੀ ਰੱਖੋ  ਅਤੇ ਸਵੀਕਾਰ ਕਰੋ ਕਿ ਵਰਤਮਾਨ ਸਮੇਂ ਵੱਲ ਉਹਨਾਂ ਦੀਆਂ ਪ੍ਰਤਿਕਿਰਿਆਵਾਂ – ਭਾਵੇਂ ਉਹ ਜਿੰਨੀਆਂ ਵੀ ਭਾਵਨਾਤਮਕ ਹੋਣ  – ਸਮਝਣਯੋਗ ਅਤੇ ਸੁਭਾਵਿਕ ਹਨ। ਤੁਹਾਡੇ ਲਈ ਅਤੇ ਤੁਹਾਡੇ ਬੱਚਿਆਂ ਲਈ ਕਈ ਵਸੀਲੇ ਉਪਲਬਧ ਹਨ, ਖਾਸ ਤੌਰ ਤੇ Kids Help Phone, ਜੋ ਕੈਨੇਡਾ ਦੀ ਇਕੱਲੀ 24/7 ਰਾਸ਼ਟਰੀ  ਸਹਾਇਤਾ ਸੇਵਾ ਹੈ।ਇਹ ਨੌਜਵਾਨਾਂ ਲਈ ਅੰਗਰੇਜ਼ੀ ਅਤੇ ਫ੍ਰੈਂਚ ਦੋਨਾਂ  ਵਿੱਚ ਪੇਸ਼ੇਵਰ ਸਲਾਹ, ਜਾਣਕਾਰੀ ਅਤੇ ਰੈਫਰਲਾਂ, ਅਤੇ ਵਾਲੰਟੀਅਰਾਂਦੀ ਅਗਵਾਈ ਵਾਲੀ,  ਟੈਕਸਟ-ਅਧਾਰਤ ਸਹਾਇਤਾ ਪੇਸ਼  ਕਰਦੇ ਹਨ। ਕਿਰਪਾ ਕਰਕੇ ਉਹਨਾਂ ਦੀ ਵੈਬਸਾਈਟ www.kidshelpphone.ca 'ਤੇ ਜਾਓ, 1-800-668-6868 ਤੇ ਕਾਲ ਕਰੋ, ਜਾਂ 686868 'ਤੇ CONNECT ਟੈਕਸਟ ਕਰੋ।

.../ਸਫਾ 2

ਜਦ ਕਿ ਤੁਹਾਡੇ ਬੱਚਿਆਂ ਦੀ ਸੁਰੱਖਿਆ ਮੇਰੀ ਪ੍ਰਾਥਮਿਕਤਾ ਹੈ, ਮੈਨੂੰ ਇਹ ਵੀ ਪਤਾ ਹੈ ਕਿ ਤੁਹਾਡੇ ਵਿਚੋਂ ਕਈ ਇਹ ਵੀ ਸੋਚ ਰਹੇ ਹਨ ਕਿ ਅਸੀਂ ਇਹ ਕਿਵੇਂ ਯਕੀਨੀ ਬਣਾਵਾਂਗੇ ਕਿ ਕਲਾਸ ਤੋਂ ਬਾਹਰ ਰਹਿਣ ਦੇ ਦੌਰਾਨ ਵਿਦਿਆਰਥੀ ਉਨ੍ਹਾਂ ਦਾ ਪੜ੍ਹਾਈ ਦਾ ਸਫ਼ਰ ਜਾਰੀ ਰੱਖਣ।

ਤੁਹਾਡੇ ਬੱਚਿਆਂ ਦੀ ਪੜ੍ਹਾਈ ਜਾਰੀ ਰੱਖਣ ਨੂੰ ਯਕੀਨੀ ਬਣਾਉਣ ਲਈ ਪਹਿਲੇ ਕਦਮ ਦੇ ਤੌਰ ਤੇ, ਸਾਡੀ ਸਰਕਾਰ ਨੇ ਇੱਕ ਆਨਲਾਈਨ ਪੋਰਟਲ ਚਾਲੂ ਕੀਤਾ ਹੈ ਜੋ ਕਿੰਡਰਗਾਰਟਨ ਤੋਂ ਲੈ ਕੇ ਗਰੇਡ 12 ਤਕ ਦੇ ਸਾਰੇ ਵਿਦਿਆਰਥੀਆਂ ਲਈ ਵੱਖ ਵੱਖ ਤਰ੍ਹਾਂ ਦੇ ਬਹੁਤ ਸਾਰੇ ਵਿਦਿਅਕ ਵਸੀਲੇ ਚੁਣਨ, ਸੰਗਠਿਤ ਕਰਨ ਅਤੇ ਪਹੁੰਚਣ ਯੋਗ ਬਣਾਉਣ ਨੂੰ ਸਮਰਪਿਤ ਹੈ।

ਇਹ ਆਨਲਾਈਨ ਪੋਰਟਲ, ਜੋ Ontario.ca/learnathome ਵਿਖੇ ਉਪਲਬਧ ਹੈ, ਹਰ ਗਰੇਡ ਦੇ ਪੱਧਰ ਦੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸਕੂਲ ਤੋਂ ਬਾਹਰ ਰਹਿਣ ਦੌਰਾਨ ਆਪਣੀ ਪੜ੍ਹਾਈ ਜਾਰੀ ਰੱਖ ਸਕਣ ਦੇ ਕਾਬਲ ਬਣਾਉਂਦਾ ਹੈ। ਇਹ ਵਸੀਲੇ ਓਂਟੈਰੀਓ ਦੇ ਸਿੱਖਿਅਕਾਂ ਦੁਆਰਾ ਤਿਆਰ ਕੀਤੇ ਗਏ ਹਨ ਅਤੇ ਸਾਰੇ ਗਰੇਡਾਂ ਲਈ ਵਸੀਲੇ ਪ੍ਰਮੁੱਖ ਵਿਦਿਅਕ ਆਗੂਆਂ ਵੱਲੋਂ ਸੁਚਿਤ ਕੀਤੇ ਗਏ ਹਨ। ਉਹਨਾਂ ਵਿਦਿਆਰਥੀਆਂ ਲਈ, ਜੋ ਸੈਕੰਡਰੀ ਸਕੂਲ ਵਿੱਚ ਹਨ, ਅਸੀਂ ਸਿੱਧਾ ਓਂਟੈਰੀਓ ਪਾਠਕ੍ਰਮ 'ਤੇ ਅਧਾਰਤ ਆਨਲਾਈਨ ਕੋਰਸਾਂ ਤੱਕ ਪਹੁੰਚ ਮੁਹੱਈਆ ਕਰ ਰਹੇ ਹਾਂ।

ਹਾਲਾਂਕਿ ਪਬਲਿਕ ਫੰਡਿੰਗ ਵਾਲੇ ਸਕੂਲਾਂ ਨੂੰ 6 ਅਪ੍ਰੈਲ 2020 ਤਕ ਬੰਦ ਕਰਨ ਦਾ ਹੁਕਮ ਦਿੱਤਾ ਗਿਆ ਹੈ, COVID-19 ਨਾਲ ਜੁੜੇ ਹੋਏ ਲਗਾਤਾਰ ਬਦਲਦੇ ਹੋਏ ਹਾਲਾਤਾਂ ਦਾ ਮਤਲਬ ਹੈ ਕਿ ਅਸੀਂ ਬੰਦ ਰੱਖਣ ਦੀ ਇਸ ਅਵਧੀ ਨੂੰ ਅਗੇ ਵਧਾਏ ਜਾਣ ਦੀ ਸੂਰਤ ਵਿੱਚ ਤਿਆਰੀ ਕਰ ਰਹੇ ਹਾਂ।

ਵਿਸ਼ੇਸ਼ ਤੌਰ ਤੇ, ਅਸੀਂ ਇਹ ਯਕੀਨੀ ਬਣਾਉਣ ਲਈ ਕੰਮ ਕਰ ਰਹੇ ਹਾਂ ਕਿ ਜੇ ਅਸੀਂ ਕਲਾਸਰੂਮ ਸੈਟਿੰਗ ਵਿੱਚ ਇਕੱਠੇ ਨਹੀਂ ਵੀ ਹੋ ਸਕਦੇ ਤਾਂ ਵੀ ਵਿਦਿਆਰਥੀ ਆਪਣਾ ਕੋਰਸਵਰਕ ਅਤੇ ਕ੍ਰੈਡਿਟ ਇਕੱਠੇ ਕਰਨਾ ਜਾਰੀ ਰੱਖ ਸਕਣਗੇ। ਆਨਲਾਈਨ ਕੋਰਸਾਂ ਦੀ ਉਪਲਬਧਤਾ ਅਤੇ ਬਹੁਤਾਤ ਵਿੱਚ ਓਂਟੈਰੀਓ ਇੱਕ ਮੋਹਰੀ ਹਲਕਾ ਹੈ, ਇਸ ਲਈ ਵਿਦਿਆਰਥੀਆਂ ਦੀ ਪੜ੍ਹਾਈ ਅਤੇ ਵਿਕਾਸ ਨੂੰ ਵਧਾਵਾ ਦੇਣ ਕਰਨ ਲਈ ਅਸੀਂ ਇਹਨਾਂ ਸਾਧਨਾਂ ਅਤੇ ਸਰੋਤਾਂ ਦਾ ਲਾਭ ਉਠਾਉਣਾ ਜਾਰੀ ਰੱਖਾਂਗੇ। ਸਕੂਲ ਬੋਰਡਾਂ ਦੇ ਨਾਲ ਮਿਲ ਕੇ ਅਸੀਂ ਇਹ ਯਕੀਨੀ ਬਣਾਉਣ ਲਈ ਕੰਮ ਕਰ ਰਹੇ ਹਾਂ ਕਿ ਜਿਹੜੇ ਵਿਦਿਆਰਥੀਆਂ ਕੋਲ ਇਸ ਸਮੇਂ ਕੰਪਿਊਟਰਾਂ ਤੱਕ ਪਹੁੰਚ ਨਹੀਂ ਉਹਨਾਂ ਨੂੰ ਹਿੱਸਾ ਲੈਣ ਲਈ ਲੁੜੀਂਦੀ ਤਕਨਾਲੋਜੀ ਮਿਲ ਸਕੇ।

ਸਾਨੂੰ ਪਤਾ ਹੈ ਕਿ ਗ੍ਰੈਜੁਏਸ਼ਨ ਵਰ੍ਹੇ ਵਿਚਲੇ ਬੱਚਿਆਂ ਵਾਲੇ ਲੋਕਾਂ ਲਈ, ਇਸ ਬਾਰੇ ਅਨਿਸ਼ਚਿਤਤਾ ਹੋ ਸਕਦੀ ਹੈ ਕਿ ਇਹ ਵਿਦਿਆਰਥੀ ਗ੍ਰੈਜੁਏਟ ਕਰ ਸਕਣਗੇ ਜਾਂ ਨਹੀਂ। ਅਸੀਂ ਇੱਕ ਗੱਲ ਸਾਫ ਕਰਨਾ ਚਾਹੁੰਦੇ ਹਾਂ: ਦੋ ਹਫ਼ਤੇ ਲਈ ਬੰਦ ਕੀਤੇ ਜਾਣ ਕਰਕੇ ਅਤੇ COVID-19 ਨਾਲ ਜੁੜੀਆਂ ਘਟਨਾਵਾਂ ਦੇ ਕਾਰਨ ਕਿਸੇ ਵੀ ਗ੍ਰੈਜੁਏਟ ਕਰਨ ਵਾਲੇ ਵਿਦਿਆਰਥੀ ਦੀ ਗ੍ਰੈਜੁਏਟ ਕਰਨ ਦੀ ਯੋਗਤਾ ਉੱਪਰ ਕੋਈ ਮਾੜਾ ਅਸਰ ਨਹੀਂ ਪਵੇਗਾ। ਮਿਸਾਲ ਦੇ ਲਈ, ਮੈਂ ਇਸ ਸਕੂਲ ਵਰ੍ਹੇ ਲਈ EQAO ਮੁਲਾਂਕਣਾਂ ਨੂੰ ਰੱਦ ਕਰ ਦਿੱਤਾ ਹੈ। ਮੈਂ ਗ੍ਰੈਜੁਏਸ਼ਨ ਲਈ ਜ਼ਰੂਰੀ ਸ਼ਰਤਾਂ ਵਿੱਚ ਇੱਕ ਤਬਦੀਲੀ ਲਈ ਵੀ ਮਨਜ਼ੂਰੀ ਦੇ ਦਿੱਤੀ ਹੈ ਜਿਸ ਨਾਲ ਗ੍ਰੈਜੁਏਟ ਕਰਨ ਦੀ ਰਾਹ ਤੇ ਹੋਣ ਵਾਲੇ ਵਿਦਿਆਰਥੀਆਂ ਲਈ *ਓਂਟੈਰੀਓ ਸੈਕੰਡਰੀ ਸਕੂਲ ਲਿਟਰੇਸੀ ਟੈਸਟ* (OSSLT) ਨੂੰ ਪੂਰਾ ਕਰਨਾ ਇੱਕ ਰੁਕਾਵਟ ਨਹੀਂ ਹੋਵੇਗਾ। ਅਸੀਂ *ਕਾਲਜਾਂ ਅਤੇ ਯੂਨੀਵਰਸਿਟੀਆਂ ਮੰਤਰਾਲੇ* ਅਤੇ *ਕਿਰਤ, ਸਿਖਲਾਈ ਅਤੇ ਹੁਨਰ ਵਿਕਾਸ ਮੰਤਰਾਲੇ* ਨਾਲ ਮਿਲ ਕੇ ਇਹ ਪੱਕਾ ਕਰਨ ਲਈ ਵੀ ਕੰਮ ਕਰ ਰਹੇ ਹਾਂ ਕਿ ਇਸ ਸਮੈਸਟਰ ਵਿੱਚ ਸਥਿਤੀ ਦੀ ਪਰਵਾਹ ਕੀਤੇ ਬਿਨਾਂ , ਵਿਦਿਆਰਥੀ ਪੋਸਟ - ਸੈਕੰਡਰੀਸਿੱਖਿਆ (ਐਪਰੈਂਟਿਸਸ਼ਿਪ, ਕਾਲਜ ਅਤੇ ਯੂਨੀਵਰਸਿਟੀ ਸਮੇਤ) ਲਈ ਅਰਜ਼ੀ ਦੇ ਸਕਣ।

ਵਰਤਮਾਨ ਸਮੇਂ ਵਿੱਚ, ਇਹ ਪਹਿਲਾਂ ਕਦੇ ਨਾਲੋਂ ਵਧੇਰੇ ਮਹੱਤਵਪੂਰਨ ਹੈ ਕਿ ਅਸੀਂ ਇਹ ਸੁਨਿਸਚਿਤ ਕਰਨ ਲਈ ਹਰ ਸਾਵਧਾਨੀ ਵਰਤੀਏ ਕਿ, ਜਦੋਂ ਵਿਦਿਆਰਥੀ ਕਲਾਸ ਵਿੱਚ ਪਰਤਦੇ ਹਨ, ਉਹ ਪੜ੍ਹਾਈ ਦੇ ਇੱਕ ਸੁਰੱਖਿਅਤ ਅਤੇ ਸਿਹਤਮੰਦ ਮਾਹੌਲ ਵਿੱਚ ਪਰਤਣ।

ਸਿੱਖਿਆ ਮੰਤਰਾਲਾ ਸਾਰੇ ਸਕੂਲ ਬੋਰਡਾਂ ਨੂੰ ਸਕੂਲ ਫੈਸਿਲਿਟੀਆਂ, ਬਾਲ ਦੇਖਭਾਲ ਕੇਂਦਰਾਂ ਅਤੇ ਸਕੂਲ ਬੱਸਾਂ ਦੀ ਡੂੰਘੀ ਸਫਾਈ ਲਈ ਫੰਡਿੰਗ ਤੱਕ ਪਹੁੰਚ ਮੁਹੱਈਆ ਕਰ ਰਿਹਾ ਹੈ। ਬੰਦ ਕੀਤੇ ਜਾਣ ਤੋਂ ਬਾਅਦ ਅਸੀਂ ਵਿਦਿਆਰਥੀਆਂ, ਸਿਖਿਆਰਥੀਆਂ ਅਤੇ ਸਾਡੇ ਸਿੱਖਿਅਕਾਂ ਲਈ ਕੋਈ ਵੀ ਜੋਖਮਾਂ ਨੂੰ ਘਟਾਵਾਂਗੇ।

ਅਤੇ ਤੁਹਾਡੇ ਵਿਚੋਂ ਜੋ ਲੋਕ ਕੈਨੇਡਾ ਦੇ ਬਾਹਰੋਂ ਯਾਤਰਾ ਕਰਕੇ ਵਾਪਸ ਆ ਰਹੇ ਹਨ, ਬਹੁਤ ਜ਼ਰੂਰੀ ਹੈ ਕਿ ਤੁਸੀਂ ਓਂਟੈਰੀਓ ਦੇ ਸਿਹਤ ਲਈ ਚੀਫ ਮੈਡੀਕਲ ਅਫਸਰ, ਡਾਕਟਰ ਵਿਲਿਅਮਸ ਦੀਆਂ ਜ਼ੋਰਦਾਰ ਸਿਫ਼ਾਰਿਸ਼ਾਂ ਦੀ ਪਾਲਣਾ ਕਰੋ ਅਤੇ ਵਾਪਸ ਆਉਣ ਤੇ ਤੁਸੀਂ ਅਤੇ ਤੁਹਾਡਾ ਪਰਿਵਾਰ 14 ਦਿਨਾਂ ਲਈ ਆਪਣੇ ਆਪ ਨੂੰ ਦੂਜਿਆਂ ਤੋਂ ਵੱਖ ਰੱਖੋ।

…/ਸਫਾ 3

ਇਸ ਦਾ ਮਤਲਬ ਹੈ ਘਰ ਰਹਿਣਾ ਅਤੇ ਤੁਹਾਡੇ ਪਰਿਵਾਰ ਦੇ ਉਹਨਾਂ ਮੈਂਬਰਾਂ, ਜੋ ਸੰਭਵ ਹਨ ਤੁਹਾਡੇ ਨਾਲ ਯਾਤਰਾ ਵਿੱਚ ਨਹੀਂ ਸਨ, ਜਾਂ ਤੁਹਾਡੇ ਭਾਈਚਾਰੇ ਤੱਕ ਇਸ ਬਿਮਾਰੀ ਦੇ ਫੈਲਾਅ ਨੂੰ ਰੋਕਣ ਵਿੱਚ ਸਹਾਇਤਾ ਕਰਨ ਲਈ ਦੂਸਰੇ ਲੋਕਾਂ ਨਾਲ ਸੰਪਰਕ ਤੋਂ ਪਰਹੇਜ਼ ਕਰਨਾ।

ਜੇ ਤੁਸੀਂ ਸੋਚਦੇ ਹੋ ਕਿ ਤੁਹਾਨੂੰ ਜਾਂ ਤੁਹਾਡੇ ਪਰਿਵਾਰ ਦੇ ਕਿਸੇ ਮੈਂਬਰ ਨੂੰ ਕਰੋਨਾਵਾਇਰਸ (COVID-19) ਦੇ ਲੱਛਣ ਹਨ ਜਾਂ ਜੇ ਤੁਸੀਂ ਇਸ ਬਿਮਾਰੀ ਵਾਲੇ ਕਿਸੇ ਵਿਅਕਤੀ ਨਾਲ ਨਜ਼ਦੀਕੀ ਸੰਪਰਕ ਵਿੱਚ ਸੀ, ਤਾਂ ਆਪਣੇ ਆਪ ਨੂੰ ਦੂਜਿਆਂ ਤੋਂ ਵੱਖ ਰੱਖਣ ਦੇ ਨਾਲ, ਇਹ ਨਿਰਧਾਰਤ ਕਰਨ ਵਿੱਚ ਸਹਾਇਤਾ ਕਰਨ ਲਈ ਕਿ ਹੋਰ ਦੇਖਭਾਲ ਕਿਵੇਂ ਪ੍ਰਾਪਤ ਕੀਤੀ ਜਾਵੇ, ਕਿਰਪਾ ਕਰਕੇ ontario.ca/coronavirus 'ਤੇ ਸਵੈ-ਮੁਲਾਂਕਣ ਟੈਸਟ ਕਰੋ। ਇਹ ਸਾਈਟ ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ ਸਿਹਤਮੰਦ ਅਤੇ ਸੁਰੱਖਿਅਤ ਰੱਖਣ ਲਈ ਤੁਹਾਡੇ ਲਈ ਲੋੜੀਂਦੀ ਸਾਰੀ ਜਾਣਕਾਰੀ ਵੀ ਮੁਹੱਈਆ ਕਰੇਗੀ।

ਓਂਟੈਰੀਓ ਦੀ ਸਰਕਾਰ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਇਸ ਚੁਣੌਤੀਪੂਰਨ ਦੌਰਾਨ ਸਾਰੇ ਓਂਟੈਰੀਓ ਵਾਸੀ ਸੁਰੱਖਿਅਤ ਅਤੇ ਮਹਿਫ਼ੂਜ਼ ਰਹਿਣ। ਸਿੱਖਿਆ ਮੰਤਰੀ ਦੇ ਤੌਰ ਤੇ, ਮੈਂ ਤੁਹਾਨੂੰ ਭਰੋਸਾ ਦਿਵਾਉਂਦਾ ਹਾਂ ਕਿ ਮੈਂ ਵਿਗਿਆਨਕ ਤੱਥਾਂ, ਜਨ ਸਿਹਤ ਪੇਸ਼ੇਵਰਾਂ ਦੀ ਬਿਹਤਰੀਨ ਸਲਾਹ ਦੇ ਅਧਾਰ 'ਤੇ ਅਤੇ ਤੁਹਾਡੇ ਬੱਚੇ ਦੀ ਸਿਹਤ ਅਤੇ ਸੁਰੱਖਿਆ ਨੂੰ ਹਮੇਸ਼ਾ ਸਭ ਤੋਂ ਵੱਧ ਅਹਿਮੀਅਤ ਦਿੰਦੇ ਹੋਏ ਫੈਸਲੇ ਲਵਾਂਗਾ। ਦੇਵਾਂਗਾ।

ਜਦੋਂ ਤਕ ਸਾਡਾ ਕੰਮ ਜਾਰੀ ਹੈ, ਅਸੀਂ ਤੁਹਾਨੂੰ ਸਮੇਂ ਸਮੇਂ ਤੇ ਸੂਚਿਤ ਕਰਨਾ ਜਾਰੀ ਰੱਖਾਂਗੇ।

ਸੁਰੱਖਿਅਤ ਰਹੋ।



ਮਾਣਯੋਗ ਸਟੀਫਨ ਲੈਚੇ (Stephen Lecce) ਸਿੱਖਿਆ
ਮੰਤਰੀ